Factsheet CRW02

# ਛੋਟਾਂ
# ਇੱਕ-ਵਾਰ ਦੇ ਰਾਸ਼ਟਰੀ ਸਮਾਗਮ ਅਤੇ ਰਾਸ਼ਟਰੀ ਟੂਰ

Punjabi | ਪੰਜਾਬੀ

"ਰਾਸ਼ਟਰੀ ਸਮਾਗਮ" ਅਤੇ "ਰਾਸ਼ਟਰੀ ਟੂਰ" ਸ਼ਬਦਾਂ ਨੂੰ ਵਿਸ਼ੇਸ਼ ਤੌਰ 'ਤੇ ਉਨ੍ਹਾਂ ਰਾਸ਼ਟਰੀ ਅਤੇ ਰਾਜ ਪੱਧਰੀ ਸੰਸਥਾਵਾਂ (ਮਾਨਤਾ ਪ੍ਰਾਪਤ ਸੰਸਥਾਵਾਂ) ਨੂੰ ਛੋਟ ਦੇਣ ਲਈ ਪਰਿਭਾਸ਼ਿਤ ਕੀਤਾ ਗਿਆ ਹੈ ਜੋ ਦੇਸ਼ ਭਰ ਵਿੱਚ ਵੱਡੇ ਸਮਾਗਮ ਜਾਂ ਟੂਰ ਆਯੋਜਿਤ ਕਰਦੀਆਂ ਹਨ।

ਇੱਕ ਰਾਸ਼ਟਰੀ ਸਮਾਗਮ ਦਾ ਅਰਥ ਹੈ ਵੈਸਟਰਨ ਆਸਟ੍ਰੇਲੀਆ (WA) ਵਿੱਚ ਇੱਕ ਖ਼ਾਸ ਮਿੱਥੇ ਸਮੇਂ ਦੌਰਾਨ ਹੋਣ ਵਾਲਾ ਸਮਾਗਮ:

1. ਜੋ ਕਿ ਰਾਜ, ਕੇਂਦਰੀ ਪ੍ਰਦੇਸ਼ ਜਾਂ ਰਾਸ਼ਟਰੀ ਪੱਧਰ 'ਤੇ ਖੇਡ, ਵਿੱਦਿਅਕ, ਧਾਰਮਿਕ, ਸੱਭਿਆਚਾਰਕ, ਮਨੋਰੰਜਨ ਜਾਂ ਹੁਨਰ ਵਿਕਾਸ ਦੇ ਉਦੇਸ਼ਾਂ ਲਈ ਕਿਸੇ ਮਾਨਤਾ ਪ੍ਰਾਪਤ ਸੰਸਥਾ ਦੁਆਰਾ ਆਯੋਜਿਤ ਕੀਤਾ ਜਾਂਦਾ ਹੈ ਅਤੇ
2. ਜਿਸ ਵਿੱਚ ਇੱਕ ਤੋਂ ਵੱਧ ਰਾਜਾਂ, ਕੇਂਦਰੀ ਪ੍ਰਦੇਸ਼ਾਂ ਜਾਂ ਦੇਸ਼ਾਂ ਦੇ **ਬੱਚੇ (children)** ਭਾਗ ਲੈ ਰਹੇ ਹੁੰਦੇ ਹਨ।

ਉਦਾਹਰਨ ਲਈ, ਰਾਸ਼ਟਰੀ ਸਕਾਊਟ ਜੰਬੋਰੀ ਜਾਂ ਰੈਲੀ।

ਇੱਕ ਰਾਸ਼ਟਰੀ ਟੂਰ ਦਾ ਅਰਥ ਹੈ ਇੱਕ ਖ਼ਾਸ ਮਿੱਥੇ ਸਮੇਂ ਦੇ ਦੌਰਾਨ ਹੋਣ ਵਾਲਾ ਟੂਰ:

1. ਜੋ ਕਿ ਰਾਜ, ਕੇਂਦਰੀ ਪ੍ਰਦੇਸ਼ ਜਾਂ ਰਾਸ਼ਟਰੀ ਪੱਧਰ 'ਤੇ ਖੇਡ, ਵਿੱਦਿਅਕ, ਧਾਰਮਿਕ, ਸੱਭਿਆਚਾਰਕ, ਮਨੋਰੰਜਨ ਜਾਂ ਹੁਨਰ ਵਿਕਾਸ ਦੇ ਉਦੇਸ਼ਾਂ ਲਈ ਕਿਸੇ ਮਾਨਤਾ ਪ੍ਰਾਪਤ ਸੰਸਥਾ ਦੁਆਰਾ ਆਯੋਜਿਤ ਕੀਤਾ ਜਾਂਦਾ ਹੈ
2. ਅਤੇ ਜਿਸ ਵਿੱਚ ਇੱਕ ਤੋਂ ਵੱਧ ਰਾਜਾਂ, ਕੇਂਦਰੀ ਪ੍ਰਦੇਸ਼ਾਂ ਜਾਂ ਦੇਸ਼ਾਂ ਦੇ ਬੱਚੇ ਭਾਗ ਲੈ ਰਹੇ ਹੁੰਦੇ ਹਨ ਅਤੇ
3. ਜੋ ਕਿ ਆਸਟ੍ਰੇਲੀਆ ਵਿੱਚ ਕਈ ਵੱਖ-ਵੱਖ ਥਾਵਾਂ ਅਤੇ ਸਥਾਨਾਂ 'ਤੇ ਰੁਕਦਾ ਹੈ, ਜਿਸ ਵਿੱਚ WA ਵਿੱਚ ਘੱਟੋ-ਘੱਟ ਇੱਕ ਸਥਾਨ 'ਤੇ ਰੁਕਣਾ ਵੀ ਸ਼ਾਮਲ ਹੈ।

ਉਦਾਹਰਨ ਲਈ, ਆਸਟ੍ਰੇਲੀਅਨ ਫੁੱਟਬਾਲ ਲੀਗ 18 ਸਾਲ ਤੋਂ ਘੱਟ ਉਮਰ ਦੇ ਖਿਡਾਰੀਆਂ ਵਾਲੀ ਸਾਰੇ ਆਸਟ੍ਰੇਲੀਆ ਦੀ ਨੁਮਾਇੰਦਗੀ ਕਰਦੀ ਟੀਮ ਲਈ ਵਿਕਟੋਰੀਆ, ਨਿਊ ਸਾਊਥ ਵੇਲਜ਼, ਕੁਈਨਜ਼ਲੈਂਡ, ਸਾਊਥ ਆਸਟ੍ਰੇਲੀਆ, ਤਸਮਾਨੀਆ, ਅਤੇ WA ਵਿੱਚ ਫੁੱਟਬਾਲ ਕਲੱਬਾਂ ਦਾ ਦੌਰਾ ਕਰਨ ਲਈ ਟੂਰ ਆਯੋਜਿਤ ਕਰਦੀ ਹੈ। WA ਵਿੱਚ, ਇਹ ਟੀਮ ਪਰਥ, ਗੇਰਾਲਡਟਨ ਅਤੇ ਬਨਬਰੀ ਵਿੱਚ ਖੇਡੇਗੀ, ਜਿੱਥੇ ਅੰਤਰਰਾਜੀ ਕੋਚ ਅਤੇ ਉਹਨਾਂ ਨਾਲ ਯਾਤਰਾ ਕਰਨ ਵਾਲੇ **ਵਾਲੰਟੀਅਰ (volunteers)** WA ਅਤੇ ਅੰਤਰਰਾਜੀ ਬੱਚਿਆਂ ਲਈ ਕੋਚਿੰਗ ਕਲੀਨਿਕਾਂ ਦੀ ਨਿਗਰਾਨੀ ਅਤੇ ਪ੍ਰਬੰਧ ਕਰਨਗੇ।

## ਇੱਕ ਵਾਰੀ ਦੇ ਰਾਸ਼ਟਰੀ ਸਮਾਗਮਾਂ ਅਤੇ ਰਾਸ਼ਟਰੀ ਟੂਰਾਂ ਲਈ ਛੋਟ

- ਇਹ ਛੋਟ ਸਿਰਫ਼ ਉਸ ਵਿਅਕਤੀ 'ਤੇ ਲਾਗੂ ਹੁੰਦੀ ਹੈ ਜੋ ਆਮ ਤੌਰ 'ਤੇ WA ਦਾ ਨਿਵਾਸੀ ਨਹੀਂ ਹੈ।
- ਇਹ ਵਿਸ਼ੇਸ਼ ਤੌਰ 'ਤੇ ਬੱਚਿਆਂ ਨਾਲ ਸੰਬੰਧਿਤ ਕੰਮ ਦੀਆਂ ਖ਼ਾਸ **ਸ਼੍ਰੇਣੀਆਂ (categories)** ਦੇ ਸੰਬੰਧ ਵਿੱਚ ਇੱਕ ਮਾਨਤਾ ਪ੍ਰਾਪਤ ਸੰਸਥਾ ਦੁਆਰਾ ਆਯੋਜਿਤ ਇੱਕ-ਵਾਰ ਦੇ ਰਾਸ਼ਟਰੀ ਸਮਾਗਮਾਂ ਜਾਂ ਰਾਸ਼ਟਰੀ ਟੂਰਾਂ ਤੱਕ ਸੀਮਿਤ ਹੈ; ਇਹ ਸਿਰਫ਼ ਸ਼੍ਰੇਣੀਆਂ 3, 4, 5, 10, 11, 12, 14, 15, 16, 17 ਜਾਂ 18 ਲਈ ਲਾਗੂ ਹੁੰਦਾ ਹੈ।
- ਇਹ ਛੋਟ 12-ਮਹੀਨੇ ਦੀ ਮਿਆਦ ਦੇ ਅੰਦਰ 30 ਦਿਨਾਂ ਦੀ ਨਾ ਇਕੱਠੇ ਕੀਤੇ ਜਾਣ ਵਾਲੀ ਮਿਆਦ ਲਈ ਹੈ (ਇਹ ਵਿਅਕਤੀ 12-ਮਹੀਨੇ ਦੀ ਮਿਆਦ ਵਿੱਚ ਸਿਰਫ਼ ਇੱਕ ਵਾਰ ਛੋਟ ਪ੍ਰਾਪਤ ਕਰ ਸਕਦਾ ਹੈ ਭਾਵੇਂ ਉਹ ਉਸ ਇੱਕ-ਵਾਰ ਦੇ ਰਾਸ਼ਟਰੀ ਸਮਾਗਮ ਜਾਂ ਰਾਸ਼ਟਰੀ ਟੂਰ ਲਈ 10 ਦਿਨ ਜਾਂ 30 ਦਿਨਾਂ ਦੀ ਵਰਤੋਂ ਕਰਦਾ ਹੈ)।
- ਇਸਦੀ ਵਰਤੋਂ ਥੋੜ੍ਹੇ ਸਮੇਂ ਲਈ ਵਿਜ਼ਟਰ ਛੋਟ ਦੇ ਨਾਲ ਨਹੀਂ ਕੀਤੀ ਜਾ ਸਕਦੀ; ਕੋਈ ਵਿਅਕਤੀ 12-ਮਹੀਨੇ ਦੀ ਮਿਆਦ ਵਿੱਚ ਦੋਵਾਂ ਛੋਟਾਂ ਦੀ ਵਰਤੋਂ ਨਹੀਂ ਕਰ ਸਕਦਾ ਹੈ।

**ਮੋਟੇ ਅੱਖਰਾਂ ਵਾਲੇ** ਸ਼ਬਦਾਂ ਦੀ ਪਰਿਭਾਸ਼ਾ www.workingwithchildren.wa.gov.au ' ਤੇ ਵਰਕਿੰਗ ਵਿਦ ਚਿਲਡਰਨ ਚੈੱਕ ਸ਼ਬਦਾਵਲੀ ਵਿੱਚ ਲੱਭੀ ਜਾ ਸਕਦੀ ਹੈ।